# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 13:10

ਮਿਤੀ : 10 -09-2025

ਨਵੇਂ ਚੁਣੇ ਗਏ ਉਪ-ਰਾਸ਼ਟਰਪਤੀ, ਸੀਪੀ ਰਾਧਾਕ੍ਰਿਸ਼ਨਨ ਨੇ ਦੂਜੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਲਈ ਆਪਣੀ ਚੋਣ ਨੂੰ ਰਾਸ਼ਟਰਵਾਦੀ ਵਿਚਾਰਧਾਰਾ ਦੀ ਜਿੱਤ ਦੱਸਿਆ ਏ ਅਤੇ 2047 ਤੱਕ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਬਣਾਉਣ ਲਈ ਕੰਮ ਕਰਨ ਦਾ ਅਹਿਦ ਲਿਆ ਏ । ਉਨ੍ਹਾਂ ਨੇ ਕੱਲ੍ਹ ਉਪ-ਰਾਸ਼ਟਰਪਤੀ ਦੀ ਚੋਣ 152 ਵੋਟਾਂ ਦੇ ਫਰਕ ਨਾਲ ਜਿੱਤੀ। ਸ੍ਰੀ ਰਾਧਾਕ੍ਰਿਸ਼ਨਨ ਨੂੰ 452 ਵੋਟਾਂ ਮਿਲੀਆਂ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਬੀ ਸੁਦਰਸ਼ਨ ਰੈਡੀ ਨੂੰ 300 ਵੋਟਾਂ ਮਿਲੀਆਂ। ਜਿੱਤ ਤੋਂ ਬਾਅਦ ਆਪਣੀ ਪਹਿਲੀ ਜਨਤਕ ਟਿੱਪਣੀ ਵਿੱਚ, ਨਵੇਂ ਉਪ-ਰਾਸ਼ਟਰਪਤੀ ਚੁਣੇ ਗਏ ਸ੍ਰੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ, ਵਿਰੋਧੀ ਗਠਜੋੜ ਨੇ ਕਿਹਾ ਸੀ ਕਿ ਇਹ ਚੋਣ ਇੱਕ ਵਿਚਾਰਧਾਰਕ ਲੜਾਈ ਸੀ, ਪਰ ਵੋਟਿੰਗ ਪੈਟਰਨ ਤੋਂ, ਅਸੀਂ ਸਮਝਦੇ ਹਾਂ ਕਿ ਰਾਸ਼ਟਰਵਾਦੀ ਵਿਚਾਰਧਾਰਾ ਜੇਤੂ ਹੋ ਕੇ ਉਭਰੀ ਏ. ਸ੍ਰੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ, ਇਹ ਹਰੇਕ ਭਾਰਤੀ ਦੀ ਜਿੱਤ ਏ ਅਤੇ ਜੇਕਰ ਸਾਨੂੰ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣਾ ਏ ਤਾਂ ਸਾਰਿਆਂ ਨੂੰ ਰਲ ਕੇ ਕੰਮ ਕਰਨਾ ਹੋਏਗਾ.

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੜ੍ਹ ਪ੍ਰਭਾਵਿਤ ਪੰਜਾਬ ਲਈ 1,600 ਕਰੋੜ ਰੁਪਏ ਦੀ ਮਾਲੀ ਸਹਾਇਤਾ ਦਾ ਐਲਾਨ ਕੀਤਾ ਏ, ਜੋ ਕਿ ਪਹਿਲਾਂ ਹੀ ਸੂਬੇ ਦੇ ਖਾਤੇ ਵਿੱਚ ਮੌਜੂਦ 12, ਹਜ਼ਾਰ ਕਰੋੜ ਰੁਪਏ ਤੋਂ ਇਲਾਵਾ ਏ । ਰਾਜ ਆਫ਼ਤ

ਰਾਹਤ ਫੰਡ ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਦੂਜੀ ਕਿਸ਼ਤ ਅਗਾਹੂੰ ਜਾਰੀ ਕੀਤੀ ਜਾਵੇਗੀ। ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ 2 ਲੱਖ ਰੁਪਏ ਅਤੇ ਹੜ੍ਹਾਂ ਵਿੱਚ ਗੰਭੀਰ ਜ਼ਖਮੀਆਂ ਨੂੰ 50,ਹਜ਼ਾਰ ਰੁਪਏ ਦੀ ਰਾਹਤ ਰਕਮ ਦਾ ਵੀ ਐਲਾਨ ਕੀਤਾ ਗਿਆ ਏ । ਹੜ੍ਹ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਗੁਰਦਾਸਪੁਰ ਪਹੁੰਚਣ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਕੱਲ੍ਹ ਸ਼ਾਮ ਨੂੰ ਹੋਏ ਨੁਕਸਾਨ ਦੀ ਹੱਦ ਬਾਰੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਨੇ ਖੇਤਰ ਦਾ ਹਵਾਈ ਸਰਵੇਖਣ ਵੀ ਕੀਤਾ। ਸਮੀਖਿਆ ਮੀਟਿੰਗ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਕੁਝ ਹੜ੍ਹ ਪੀੜਤਾਂ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਦਰਦ ਸਾਂਝਾ ਕੀਤਾ। ਪਤਾ ਲੱਗਾ ਏ ਕਿ ਕੁਝ ਕਿਸਾਨਾਂ ਵੱਲੋਂ ਡਾਇਰੈਕਟ ਟ੍ਰਾਂਸਫਰ ਸਕੀਮ (ਡੀਬੀਟੀ) ਰਾਹੀਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮੁਆਵਜ਼ਾ ਜਮ੍ਹਾਂ ਕਰਵਾਉਣ ਦੀ ਮੰਗ 'ਤੇ, ਉਨ੍ਹਾਂ ਨੇ ਇਸ 'ਤੇ ਵਿਚਾਰ ਕਰਨ ਦਾ ਵਾਅਦਾ ਕੀਤਾ ਏ । ਇਸ ਦੌਰਾਨ, ਅਧਿਕਾਰਤ ਹਲਕਿਆਂ ਮੁਤਾਬਿਕ 33 ਹੋਰ ਪਿੰਡ ਪ੍ਰਭਾਵਿਤ ਹੋਏ ਨੇ , ਜਿਸ ਨਾਲ ਪੰਜਾਬ ਭਰ ਵਿੱਚ ਕੁੱਲ ਪਿੰਡਾਂ ਦੀ ਗਿਣਤੀ 2097 ਹੋ ਗਈ ਏ, ਜਿਸ ਨਾਲ ਲਗਭਗ 3 ਲੱਖ 88 ਹਜ਼ਾਰ ਆਬਾਦੀ ਪ੍ਰਭਾਵਿਤ ਹੋਈ ਏ । ਇੱਕ ਹੋਰ ਮੌਤ ਦੇ ਨਾਲ, 15 ਜ਼ਿਲ੍ਹਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ 52 ਹੋ ਗਈ ਏ ਤੇ ਪਠਾਨਕੋਟ ਵਿੱਚ ਤਿੰਨ ਵਿਅਕਤੀ ਅਜੇ ਵੀ ਲਾਪਤਾ ਨੇ. ਲੱਖਾਂ ਹੈਕਟੇਅਰ ਫ਼ਸਲੀ ਰਕਬਾ ਡੁੱਬ ਗਿਆ ਏ ਅਤੇ ਸੈਂਕੜੇ ਪਸ਼ੂ ਮਾਰੇ ਗਏ ਨੇ. ਰਾਜ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਏ । ਸਥਾਨਕ ਲੋਕ, ਸਮਾਜਿਕ ਸੰਗਠਨ, ਵਲੰਟੀਅਰ ਵੀ ਭਾਰਤੀ ਫੌਜ, NDRF

ਅਤੇ BSF ਦੀਆਂ ਮਾਹਰ ਟੀਮਾਂ ਦੇ ਨਾਲ ਇਸ ਸੰਕਟ ਦੀ ਘੜੀ ਵਿੱਚ ਪੂਰਾ ਸਹਿਯੋਗ ਦੇ ਰਹੇ ਨੇ.

-----------------------------------------------------------

ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ ਵਿੱਚ ਰਾਹਤ ਕਾਰਜਾਂ ਲਈ 1600 ਕਰੋੜ ਦੇ ਪੈਕੇਜ ਦੇ ਐਲਾਨ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੰਤਰੀ ਅਤੇ ਨੇਤਾ ਲੋਕਾਂ ਨੂੰ ਗੁੰਮਰਾਹ ਕਰ ਰਹੇ ਨੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਾਹਤ ਕਾਰਜਾਂ ਲਈ 1600 ਰੁਪਏ ਕਰੋੜ ਦਾ ਐਲਾਨ ਕੀਤਾ ਏ, ਜਦੋਂ ਕਿ ਕੇਂਦਰੀ ਟੀਮ ਪੰਜਾਬ ਵਿੱਚ ਹੋਏ ਨੁਕਸਾਨ ਦਾ ਸਰਵੇਖਣ ਕਰੇਗੀ, ਜਿਸ ਤੋਂ ਬਾਅਦ ਨੁਕਸਾਨ ਦੀ ਭਰਪਾਈ ਲਈ ਫੰਡ ਜਾਰੀ ਕੀਤੇ ਜਾਣਗੇ। ਓਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ਼ ਝੂਠੀ ਰਾਜਨੀਤੀ ਕਰ ਰਹੀ ਏ ਤੇ , ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੀ ਬਜਾਏ ਉਨ੍ਹਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਦਾ ਕੰਮ ਕੀਤਾ ਜਾ ਰਿਹਾ ਏ ।

-----------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਮੁਹਾਲੀ ਫੋਰਟਿਸ ਹਸਪਤਾਲ ਗਏ ਅਤੇ ਓਥੇ ਦਾਖਲ ਮੁੱਖਮੰਤਰੀ ਭਗਵੰਤ ਮਾਨ ਦਾ ਹਾਲ ਪੁਛਿਆ. ਓਹਨਾਂ ਦੇ ਨਾਲ ਡੀਜੀਪੀ ਵੀ ਸਨ । ਰਾਜਪਾਲ ਕਰੀਬ ਪੰਦਰਾਂ ਮਿੰਟ ਤੱਕ ਹਸਪਤਾਲ ਚ ਰਹੇ. ਬਾਅਦ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਓਹਨਾਂ ਦਸਿਆ ਕਿ ਸਭ ਕੁਝ ਠੀਕ ਏ ਤੇ ਮੁਖ ਮੰਤਰੀ ਭਗਵੰਤ ਮਾਨ ਦੀ ਸਿਹਤ ਸੁਧਰ ਰਹੀ ਏ.

ਓਹਨਾਂ ਸ਼੍ਰੀ ਮਾਨ ਨੂੰ ਇੱਕ ਦਿਨ ਹੋਰ ਆਰਾਮਕਰਨ ਦੀ ਸਲਾਹ ਦਿੱਤੀ। ਓਹਨਾਂ ਪ੍ਰਧਾਨ ਮੰਤਰੀ ਮੋਦੀ ਦੀ ਪੰਜਾਬ ਤੇ ਹਿਮਾਚਲ ਯਾਤਰਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਹੜ੍ਹ ਪੀੜ੍ਹਤਾਂ ਲਈ ਰਾਹਤ ਦੇਣ ਲਈ ਤਿਆਰ ਏ ਪਰ ਇਕ ਫਾਰਮੂਲੇ ਤਹਿਤ ਹੀ ਕੋਈ ਕਾਰਵਾਈ ਕੀਤੀ ਜਾਂਦੀ ਏ ਤੇ ਇਸ ਲਈ ਕੇਂਦਰੀ ਟੀਮਾਂ ਵੇਰਵਾ ਦੇਣਗੀਆਂ ਅਤੇ ਇਹ 1600 ਕਰੋੜ ਸਿਰਫ ਟੋਕਨ ਏ ਤੇ ਹੋਰ ਮਦਦ ਜਾਂਚ ਰਿਪੋਰਟ ਤੋਂ ਬਾਅਦ ਆਏਗੀ.

------------------------------------------------------------

ਸਿੱਖਿਆ ਮੰਤਰਾਲੇ ਤਹਿਤ, IIT ਰੋਪੜ ANNAM.AI ਫਾਊਂਡੇਸ਼ਨ ਨੂੰ ਇੰਡੀਆ ਇੰਟਰਨੈਸ਼ਨਲ ਸੈਂਟਰ (IIC), ਨਵੀਂ ਦਿੱਲੀ ਵਿਖੇ ਕਰਾਏ ਗਏ 5 ਵੇਂ ਸੋਸ਼ਲ ਇਮਪੈਕਟ ਕਾਨਫਰੰਸ ਐਂਡ ਅਵਾਰਡ (SICA) ਵਿੱਚ ਟੈਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਫਾਰ ਸੋਸ਼ਲ ਗੁੱਡ ਸ਼੍ਰੇਣੀ ਵਿੱਚ ਸੋਸ਼ਲ ਇਮਪੈਕਟ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ ਏ । ਇਹ ਮਾਨਤਾ ਪ੍ਰੋਜੈਕਟ, “ਆਟੋਨੋਮਸ ਵੈਦਰ ਸਟੇਸ਼ਨ (AWS): ਸਮਾਰਟ ਕਲਾਈਮੇਟ ਮਾਨੀਟਰਿੰਗ ਸਲਿਊਸ਼ਨ” ਲਈ ਦਿੱਤੀ ਗਈ, ਜਿਸਨੂੰ ਟੈਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਫਾਰ ਸੋਸ਼ਲ ਗੁੱਡ ਸ਼੍ਰੇਣੀ ਦੇ ਤਹਿਤ ਨਾਮਜ਼ਦ ਕੀਤਾ ਗਿਆ ਸੀ। ਇਹ ਪ੍ਰੋਜੈਕਟ ਕਿਸਾਨਾਂ ਨੂੰ ਅਸਲ-ਸਮੇਂ, ਸਥਾਨਕ ਮੌਸਮ ਡੇਟਾ ਅਤੇ AI-ਸੰਚਾਲਿਤ ਸੂਝ ਨਾਲ ਮਜ਼ਬੂਤ ਬਣਾਉਣ ਲਈ ਤਿਆਰ ਕੀਤਾ ਗਿਆ ਏ, ਜੋ ਜਲਵਾਯੂ ਜੋਖਮਾਂ ਨੂੰ ਘਟਾਉਣ ਅਤੇ ਨਿਰੰਤਰ ਰਹਿਣ ਯੋਗ ਖੇਤੀਬਾੜੀ ਢੰਗ – ਤਰੀਕਿਆਂ ਨੂੰ ਅਪਣਾਉਣ ਲਈ ਫੈਸਲੇ ਲੈਣ ਨੂੰ ਵਧਾਉਂਦਾ

ਏ । ਇਹ award IIT ਰੋਪੜ ਦੇ ਆਟੋਨੋਮਸ ਵੈਦਰ ਸਟੇਸ਼ਨ (AWS) ਨੂੰ ਵਿਕਸਤ ਕਰਨ ਵਿੱਚ ਨਵੀਨਤਾਕਾਰੀ ਕੰਮ ਨੂੰ ਮਾਨਤਾ ਦਿੰਦਾ ਏ.

----------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਵਿਖੇ ਕਰਾਏ ਗਏ ਖੂਨਦਾਨ ਕੈਂਪ ਵਿੱਚ ਸ਼ਿਰਕਤ ਕੀਤੀ। ਇਹ ਖੂਨਦਾਨ ਕੈਂਪ ਲਾਲਾ ਜਗਤ ਨਰਾਇਣ ਜੀ ਦੀ 44ਵੀਂ ਬਰਸੀ ਦੇ ਸਮਰਪਣ ਵਜੋਂ ਲਾਇਆ ਗਿਆ ਸੀ।

----------------------------------------------------------------

ASIA CUP ਕ੍ਰਿਕੇਟ ‘ਚ ਅੱਜ, ਭਾਰਤੀ ਟੀਮ, ਦੁਬਈ ਇੰਟਰਨੈਸ਼ਨਲ ਕ੍ਰਿਕੇਟ ਸਟੇਡੀਅਮ ਵਿੱਚ ਮੇਜ਼ਬਾਨ ਯੂਏਈ ਵਿਰੁੱਧ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਤਿਆਰ ਏ ।